# ਪ੍ਰੈਸ ਨੋਟ

**ਸ੍ਰੀ ਮੁਕਤਸਰ ਸਾਹਿਬ ਪੁਲਿਸ ਵੱਲੋਂ ਇੱਕ ਵਿਅਕਤੀ ਨੂੰ 05 ਕਿਲੋ 500 ਗ੍ਰਾਂਮ ਅਫੀਮ ਅਤੇ 01ਨਜ਼ਾਇਜ਼ ਪਿਸਤੋਲ, 52,500 ਰੁਪਏ ਡਰੱਗ ਮਨੀ ਸਮੇਤ ਕੀਤਾ ਕਾਬੂ**

**ਸ੍ਰੀ ਮੁਕਤਸਰ ਸਾਹਿਬ( ) ਮਾਨਯੋਗ ਪੰਜਾਬ ਸਰਕਾਰ ਅਤੇ ਮਾਨਯੋਗ ਡੀ.ਜੀ.ਪੀ ਪੰਜਾਬ ਦੀਆ ਹਦਾਇਤਾ ਤਹਿਤ ਡਾ: ਸਚਿਨ ਗੁਪਤਾ ਆਈ.ਪੀ.ਐਸ ਐਸ.ਐਸ.ਪੀ ਸ੍ਰੀ ਮੁਕਤਸਰ ਸਾਹਿਬ ਜੀ ਵੱਲੋਂ ਜਿਲ੍ਹਾ ਅੰਦਰ ਨਸ਼ਿਆਂ ਖਿਲਾਫ ਵਿੱਢੀ ਗਈ ਮੁਹਿੰਮ ਤਹਿਤ ਸ੍ਰੀ ਗੁਰਚਰਨ ਸਿੰਘ ਐਸ.ਪੀ (ਡੀ) ਅਤੇ ਸ੍ਰੀ ਬਲਕਾਰ ਸਿੰਘ ਡੀ.ਐਸ.ਪੀ ਮਲੋਟ ਦੀ ਨਿੰਗਰਾਨੀ ਹੇਠ ਐਸ.ਆਈ ਮਨਿੰਦਰ ਸਿੰਘ ਮੁੱਖ ਅਫਸਰ ਥਾਣਾ ਲੰਬੀ ਅਤੇ ਪੁਲਿਸ ਪਾਰਟੀ ਵੱਲੋਂ ਇੱਕ ਵਿਅਕਤੀ ਨੂੰ 05 ਕਿਲੋ 500 ਗ੍ਰਾਂਮ ਅਫੀਮ, ਇੱਕ ਪਿਸਟਲ 32 ਬੋਰ ਦੇਸੀ, 56 ਕਾਰਤੂਸ ਜਿੰਦਾ 32 ਬੋਰ, 52500 ਡਰੱਗ ਮਨੀ, ਮੋਬਾਇਲ ਆਈ ਫੋਨ ਅਤੇ ਇੱਕ ਬੁਲਟ ਮੋਟਰਸਾਇਕਲ ਬ੍ਰਾਮਦ ਕਰਨ ਵਿੱਚ ਸਫਲਤਾ ਹਾਸਿਲ ਕੀਤੀ ਹੈ। ਜਾਣਕਾਰੀ ਮੁਤਾਬਿਕ ਮਿਤੀ 25.08.2022 ਨੂੰ ਐਸ.ਆਈ ਨਿਰਮਲ ਸਿੰਘ ਅਤੇ ਪੁਲਿਸ ਪਾਰਟੀ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਪਿੰਡ ਪੁਜਾਵਾਂ, ਸਿੱਖ ਵਾਲਾ ਨੂੰ ਜਾਂਦਾ ਹੋਇਆ ਖੇਮਾ ਖੇੜਾ ਅਤੇ ਭਾਈਕਾ ਕੇਰਾ ਸ਼ੜਕ ਪਰ ਬਾਹੱਦ ਰੱਕਬਾ ਪਿੰਡ ਖੇਮਾ ਖੇੜਾ ਰੁੱਕ ਕੇ ਸ਼ਪੈਸ਼ਲ ਨਾਕਾਬੰਦੀ ਕਰਕੇ ਚੈਕਿੰਗ ਕਰ ਰਹੀ ਸੀ ਤਾਂ ਪਿੰਡ ਖੇਮਾ ਖੇੜਾ ਵੱਲੋਂ ਇੱਕ ਬੁਲਟ ਮੋਟਰਸਾਇਕਲ ਨੰਬਰ ਪੀ.ਬੀ. 53 ਬੀ- 6151 ਤੇ ਇੱਕ ਨੋਜਵਾਨ ਆ ਰਿਹਾ ਸੀ ਪੁਲਿਸ ਪਾਰਟੀ ਨੂੰ ਵੇਖ ਕੇ ਬੁਲਟ ਮੋਟਰਸਾਇਕਲ ਵਾਪਿਸ ਮੋੜਨ ਲੱਗਾ ਤਾ ਪੁਲਿਸ ਕ੍ਰਮਚਾਰੀਆ ਨੇ ਮੋਟਰਸਾਇਕਲ ਰੋਕ ਕੇ ਉਸ ਨੂੰ ਨਾਮ ਪੁਛਿਆ ਤਾਂ ਉਸ ਨੇ ਆਪਣਾ ਨਾਮ ਰਮਨਦੀਪ ਸਿੰਘ ਪੁੱਤਰ ਜਸਵਿੰਦਰ ਸਿੰਘ ਵਾਸੀ ਖੇਮਾ ਦੱਸਿਆ ਜਿਸਦੇ ਮੋਢਿਆ ਵਿੱਚ ਟੰਗੇ ਪਿੱਠੂ ਬੈਗ ਵਿੱਚ ਕੋਈ ਨਸ਼ੀਲੀ ਵਸਤੂ ਹੋਣ ਦੇ ਸ਼ੱਕ ਹੋਣਾ ਪਾਇਆ ਗਿਆ ਜਿਸ ਤੇ ਸ੍ਰੀ ਬਲਕਾਰ ਸਿੰਘ ਸੰਧੂ ਡੀ.ਐਸ.ਪੀ ਮਲੋਟ ਦੀ ਨਿਗਰਾਨੀ ਹੇਠ ਉਸ ਦੀ ਤਲਾਸ਼ੀ ਲਈ ਗਈ ਤਲਾਸ਼ੀ ਦੋਰਾਨ ਉਸਦੇ ਮੋਢੇ ਪਰ ਟੰਗੇ ਪਿੱਠੂ ਬੈਗ ਨੂੰ ਚੈੱਕ ਕੀਤਾ ਤਾਂ ਉਸ ਵਿੱਚ ਇੱਕ ਪਾਰਦਰਸ਼ੀ ਲਿਫਾਫਾ ਮੋਮੀ ਵਿਚੋਂ ਅਫੀਮ ਬ੍ਰਾਮਦ ਹੋਈ ਜਿਸਦਾ ਕੰਪਿਊਟਰ ਕੰਡੇ ਨਾਲ ਵਜ਼ਨ ਕੀਤਾ ਜੋ 05 ਕਿਲੋ 500 ਗ੍ਰਾਮ ਹੋਣਾ ਪਾਇਆ ਗਿਆ ਅਤੇ ਉਸ ਦੀ ਤਲਾਸ਼ੀ ਲੈਣ ਤੇ ਉਸ ਪਾਸੋਂ ਇੱਕ ਪਿਸਟਲ 32 ਬੋਰ ਦੇਸੀ, 56 ਕਾਰਤੂਸ ਜਿੰਦਾ, 52500 ਰੁਪਏ ਡਰੱਗ ਮਨੀ ਇੱਕ ਮੋਟਰ ਸਾਇਕਲ ਬੁਲਟ ਅਤੇ ਉਸ ਦੇ ਪਾਸੋਂ ਇੱਕ ਆਈ ਫੋਨ 13 ਪਰੋ ਬ੍ਰਾਮਦ ਹੋਇਆ ਜਿਸ ਤੇ ਪੁਲਿਸ ਵੱਲੋਂ ਮੁਕੱਦਮਾ ਨੰਬਰ 205 ਮਿਤੀ 25.08.2022 ਅ/ਧ 188/61/85 ਐਨ.ਡੀ.ਪੀ.ਐਸ. ਐਕਟ 25/54/59 ਆਰਮਸ ਐਕਟ ਥਾਣਾ ਲੰਬੀ ਵਿਖੇ ਦਰਜ਼ ਕਰ ਅੱਗੇ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।**

- **ਦੋਸ਼ੀ ਦਾ ਨਾਮ**:-
- **ਰਮਨਦੀਪ ਸਿੰਘ ਪੁੱਤਰ ਜਸਵਿੰਦਰ ਸਿੰਘ ਵਾਸੀ ਖੇਮਾ ਖੇੜਾ ਜਿਲਾ ਸ੍ਰੀ ਮੁਕਤਸਰ ਸਾਹਿਬ**

- **ਬ੍ਰਾਮਦਗੀ** :-
- 05 **ਕਿਲੋ** 500 **ਗ੍ਰਾਂਮ ਅਫੀਮ**
- **ਇੱਕ ਪਿਸਟਲ** 32 **ਬੋਰ ਦੇਸੀ**,
- 56 **ਕਾਰਤੂਸ ਜਿੰਦਾ**,
- 52500 **ਰੁਪਏ ਡਰੱਗ ਮਨੀ**
- **ਇੱਕ ਮੋਟਰ ਸਾਇਕਲ ਬੁਲਟ ਨੰ ਪੀ.ਬੀ.** 53 **ਬੀ**- 6151
- **ਇੱਕ ਆਈ ਫੋਨ** 13 **ਪ੍ਰੋ** max